JOIN TELEGRAM CHANNEL -
DAILY JOB ALERT PUNJAB

ਵੱਲੋ

ਵਧੀਕ ਡਿਪਟੀ ਕਮਿਸ਼ਨਰ (ਆਰ.ਡੀ)-ਕਮ-
ਵਧੀਕ ਜ਼ਿਲਾ ਪ੍ਰੋਗਰਾਮ ਕੁਆਰਡੀਨੇਟਰ (ਮਗ-ਨਰੇਗਾ),
ਰੂਪਨਗਰ ।

ਵੱਲ

ਜਿਲ੍ਹਾ ਇੰਨਫਰਮੇਸ਼ਨ ਅਫਸਰ,
ਐਨ.ਆਈ.ਸੀ,
ਰੂਪਨਗਰ।

ਨੰ:ਮਗ-ਨਰੇਗਾ/2022/ ੧੧3 ਮਿਤੀ: 8/9/2022

**ਵਿਸ਼ਾ:-** **ਮਗ-ਨਰੇਗਾ ਸਕੀਮ ਤਹਿਤ ਸਟਾਫ ਦੀ ਭਰਤੀ ਸਬੰਧੀ ਪ੍ਰੈਸ ਨੋਟ, ਨਿਯਮ/ ਸ਼ਰਤਾ ਅਤੇ ਭਰਤੀ ਸੰਬਧੀ ਪ੍ਰੋਫਾਰਮਾ ਵੈਬਸਾਇਟ ਤੇ ਅੱਪਲੋਡ ਕਰਨ ਸੰਬਧੀ।**

ਆਪ ਨੂੰ ਇਸ ਪੱਤਰ ਨਾਲ ਮਗਨਰੇਗਾ ਅਧੀਨ ਭਰਤੀ ਕਰਨ ਲਈ ਪ੍ਰੈਸ ਨੋਟ ਦੀ ਕਾਪੀ,ਨਿਯਮ/ਸ਼ਰਤਾ ਦੀ ਕਾਪੀ ਅਤੇ ਭਰਤੀ ਸੰਬਧੀ ਪ੍ਰੋਫਾਰਮਾ ਭੇਜ ਕਿ ਲਿਖਿਆ ਜਾਂਦਾ ਹੈ ਕਿ ਇਹਨਾ ਨੂੰ (rupnagar.nic.in) ਦੀ ਵੈਬਸਾਇਟ ਤੇ ਅੱਪਲੋਡ ਕਰ ਦਿੱਤਾ ਜਾਵੇ ਤਾਂ ਜੋ ਮਗਨਰੇਗਾ ਅਧੀਨ ਰੱਖੀ ਭਰਤੀ ਲਈ ਬਿਨੇਕਾਰ ਆਪਣਾ ਪ੍ਰੋਫਾਰਮਾ ਅਤੇ ਸ਼ਰਤਾ ਦੀ ਕਾਪੀ ਡਾਊਨਲੋਡ ਕਰਕੇ ਆਪਣੀ ਯੋਗਤਾ ਅਨੁਸਾਰ ਅਸਾਮੀ ਲਈ ਅਪਲਾਈ ਕਰ ਸਕਣ।

**ਨੱਥੀ:- ਉਕਤ ਅਨੁਸਾਰ**

ਵਧੀਕ ਡਿਪਟੀ ਕਮਿਸ਼ਨਰ(ਆਰ.ਡੀ) - ਕਮ-
ਵਧੀਕ ਜ਼ਿਲਾ ਪ੍ਰੋਗਰਾਮ ਕੁਆਰਡੀਨੇਟਰ (ਮਗ-ਨਰੇਗਾ),
ਰੂਪਨਗਰ ।

- DAILYJOBALERTPUNJAB

# ਨਿਯਮ ਅਤੇ ਸ਼ਰਤਾ

1. ਚੁਣੇ ਗਏ ਉਮੀਦਵਾਰਾਂ ਨੂੰ ਜਿਲ੍ਹਾ ਰੂਪਨਗਰ ਵਿੱਚ ਪੈਂਦੇ ਬਲਾਕਾ ਵਿੱਚ ਜਿਲ੍ਹਾ ਹੈਡ ਕੁਆਟਰ ਤੋਂ ਹੀ ਤੈਨਾਤ ਕੀਤਾ ਜਾਵੇਗਾ। ਕਿਸੇ ਵੀ ਉਮੀਦਵਾਰ ਨੂੰ ਜਿਲ੍ਹੇ ਤੋਂ ਬਾਹਰ ਬਦਲੀ/ ਮੀਊਚਲ ਕਰਵਾਉਣ ਲਈ ਪਹਿਲੇ 2 ਸਾਲ ਐਨ.ਓ.ਸੀ ਜਾਰੀ ਨਹੀ ਕੀਤਾ ਜਾਵੇਗਾ।

2. ਚੁਣੇ ਗਏ ਉਮੀਦਵਾਰ ਦਾ ਸਰਵਿਸ ਕੰਟਰੈਕਟ ਤਿੰਨ ਮਹੀਨੇ ਦੇ ਅਰਸੇ ਲਈ ਕੀਤਾ ਜਾਵੇਗਾ ਜਿਸ ਦਾ ਸਮਾਂ ਬਾਅਦ ਵਿੱਚ ਸਾਲ ਦਰ ਸਾਲ ਕਾਰਜਗੁਜਾਰੀ ਨੂੰ ਦੇਖਦੇ ਹੋਏ ਵਧਾਇਆ ਜਾਵੇਗਾ।

3. ਨੋਕਰੀ ਲਈ ਚੁਣੇ ਗਏ ਉਮੀਦਵਾਰ ਕੰਟਰੈਕਟ ਅਨੁਸਾਰ ਮਗਨਰੇਗਾ ਦੀ ਕੰਨਟਜੈਂਸੀ ਵਿੱਚੋ ਰੱਖੇ ਜਾਣਗੇ,ਸਕੀਮ ਦੀ ਕੰਨਟਜੈਂਸੀ ਅਨੁਸਾਰ ਹੀ ਤਨਖਾਹ/ਕੰਟਰੈਕਟ ਵਿੱਚ ਵਾਧਾ/ਘਾਟਾ ਕੀਤਾ ਜਾਵੇਗਾ। ਜੇਕਰ ਮਗਨਰੇਗਾ ਸਕੀਮ ਸਰਕਾਰ ਵੱਲੋਂ ਬੰਦ ਕੀਤੀ ਜਾਂਦੀ ਹੈ ਜਾ ਕੰਨਟਜੈਂਸੀ ਫੰਡ ਉਪਲੱਬਧ ਨਹੀ ਹੁੰਦੇ ਤਾਂ ਕੰਟਰੈਕਟ ਖਤਮ ਸਮਝਿਆ ਜਾਵੇਗਾ।

4. ਉਮੀਦਵਾਰ ਵੱਲੋਂ ਦਸਵੀ ਪੱਧਰ ਤੇ ਪੰਜਾਬੀ ਪਾਸ ਕੀਤੀ ਹੋਵੇ।

5. ਪੋਸਟਾਂ ਦੀ ਗਿਣਤੀ ਵਿੱਚ ਵਾਧਾ ਜਾ ਘਾਟਾ ਕਰਨ ਦਾ ਅਧਿਕਾਰ ਕੇਵਲ ਮਾਨਯੋਗ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ ਮਗਨਰੇਗਾ ਰੂਪਨਗਰ ਪਾਸ ਰਾਖਵਾਂ ਹੋਵੇਗਾ।

6. ਲਿਖਤੀ ਪੇਪਰ ਅਤੇ ਇਨਟਰਵਿਓ ਵਿੱਚ ਆਉਣ ਲਈ ਕੋਈ ਵੀ ਟੀ.ਏ/ਡੀ.ਏ ਨਹੀ ਦਿੱਤਾ ਜਾਵੇਗਾ

7. ਉਮੀਦਵਾਰਾ ਦੀ ਤਿਆਰ ਕੀਤੀ ਗਈ ਵੇਟਿੰਗ ਲਿਸਟ 6 ਮਹੀਨੇ ਲਈ ਯੋਗ ਹੋਵੇਗੀ।

8. ਨਿਰਧਾਰਤ ਕੀਤੀ ਗਈ ਉਮਰ ਸੀਮਾਂ ਦੀ ਹੱਦ ਮਿਤੀ 1/1/2022 ਤੱਕ 37 ਸਾਲ ਤੋਂ ਵੱਧ ਨਹੀ ਹੋਣੀ ਚਾਹੀਦੀ।

9. ਡਾਕ ਰਾਹੀ ਪ੍ਰਾਪਤ ਬਿਨੇਪੱਤਰਾਂ ਨੂੰ ਮੰਨਜੂਰ ਨਹੀ ਕੀਤਾ ਜਾਵੇਗਾ ਅਤੇ ਨਾ ਹੀ ਵਿਚਾਰੀਆ ਜਾਵੇਗਾ।

10. ਕੈਟਾਗਿਰੀ ਅਨੁਸਾਰ ਲਾਭ ਲੈਣ ਲਈ ਸਰਕਾਰ ਵੱਲੋ ਜਾਰੀ ਨਿਰਧਾਰਤ ਕੈਟਾਗਿਰੀ ਸਰਟੀਫਿਕੇਟ ਦੀ ਕਾਪੀ ਫਾਰਮ ਨਾਲ ਲਗਾਉਣਾ ਲਾਜਮੀ ਹੋਵੇਗਾ।

11. ਭਰਤੀ ਸੰਬਧੀ ਫਾਰਮ ਮੁਕੰਮਲ ਕਰਨ ਉਪਰੰਤ ਆਪਣੇ ਅਰਜੀ ਫਾਰਮ ਨਾਲ ਸਵੈ ਤਸ਼ਦੀਕ ਕੀਤੀਆਂ ਸਰਟੀਫਿਕੇਟਾ ਦੀਆਂ ਫੋਟੋ ਕਾਪੀਆ ਲਗਾ ਕੇ **<u>ਮਿਤੀ 19 ਸਤੰਬਰ ਸ਼ਾਮ 5.00 ਵਜੇ ਤੱਕ ਜਿਲ੍ਹਾ ਰੋਜਗਾਰ ਦਫਤਰ,ਗਰਾਊਡ ਫਲੋਰ,ਡਿਪਟੀ ਕਮਿਸ਼ਨਰ ਕੰਪਲੈਕਸ, ਮਿੰਨੀ ਸਕੱਤਰੇਤ,ਰੂਪਨਗਰ ਵਿੱਚ ਜਮ੍ਹਾ ਕਰਵਾਉਣੇ ਜਰੂਰੀ ਹਨ, ਨਿਰਧਾਰਤ ਸਮੇ ਤੋ ਬਾਅਦ ਵਿੱਚ ਪ੍ਰਾਪਤ ਹੋਏ ਫਾਰਮ ਵਿਚਾਰੇ ਨਹੀ ਜਾਣਗੇ।</u>**

12. ਭਰਤੀ ਸੰਬਧੀ ਲਿਖਤੀ ਪੇਪਰ ਲਿਆ ਜਾਵੇਗਾ ਜੋ ਕਿ 75 ਨੰਬਰ ਦਾ ਹੋਵੇਗਾ ਅਤੇ ਪੰਜਾਬੀ ਅਤੇ ਅੰਗਰੇਜੀ ਦੋਨੋ ਭਾਸ਼ਾਵਾ ਵਿੱਚ ਦਿੱਤਾ ਜਾ ਸਕੇਗਾ, ਪੇਪਰ ਦੀ ਮਿਤੀ, ਸਥਾਨ ਅਤੇ ਯੋਗ ਉਮੀਦਵਾਰਾ ਦੀ ਲਿਸਟ ਸੰਬਧੀ ਜਾਣਕਾਰੀ **<u>rupnagar.nic.in</u>** ਵੈਬਸਾਇਟ ਤੇ ਅੱਪਲੋਡ ਕਰ ਦਿੱਤੀ ਜਾਵੇਗੀ।

13. ਲਿਖਤੀ ਪੇਪਰ ਸੰਬਧੀ ਜਾਣਕਾਰੀ ਦੇਣ ਲਈ ਅਖਬਾਰ ਰਾਹੀ ਵੀ ਇਸ਼ਤਿਹਾਰ ਦੇ ਕੇ ਜਾਣੂ ਕਰਵਾ ਦਿੱਤਾ ਜੋਵਗਾ ਅਤੇ ਲਿਖਤੀ ਪੇਪਰ ਲਈ ਯੋਗ ਉਮੀਦਵਾਰਾ ਦੀ ਲਿਸਟ ਅਤੇ ਪੇਪਰ ਦੇ ਰਿਜਲਟ ਸੰਬਧੀ ਜਾਣਕਾਰੀ **<u>rupnagar.nic.in</u>** ਵੈਬਸਾਇਟ ਤੇ ਪਾ ਦਿੱਤੀ ਜਾਵੇਗੀ ।

14. ਭਵਿੱਖ ਵਿੱਚ ਭਰਤੀ ਸੰਬਧੀ ਹਰੇਕ ਅੱਪਡੇਟ ਜਾਣਕਾਰੀ ਲਈ **<u>rupnagar.nic.in</u>** ਵੈਬ ਸਾਇਟ ਨੂੰ ਸਮੇ ਸਮੇ ਤੇ ਚੈਕ ਕਰਨ ਦੀ ਨਿਰੋਲ ਜਿੰਮੇਵਾਰੀ ਉਮੀਦਵਾਰ ਦੀ ਹੋਵੇਗੀ।

ਵਧੀਕ ਡਿਪਟੀ ਕਮਿਸ਼ਨਰ (ਆਰ.ਡੀ) -ਕਮ-
ਵਧੀਕ ਜਿਲ੍ਹਾ ਪ੍ਰੋਗਰਾਮ ਕੁਆਰਡੀਨੇਟਰ (ਮਗ-ਨਰੇਗਾ),
ਰੂਪਨਗਰ।

## ਮੈਰਿਟ ਲਈ ਕਰਟੀਰੀਆ :

| ਲ.ਨੰ | ਪੋਸਟ ਦਾ ਨਾਮ | ਲਿਖਤੀ ਪੇਪਰ (ਪੰਜਾਬੀ ਅਤੇ ਅੰਗਰੇਜੀ ਦੋਵੇ ਭਾਸ਼ਾਵਾ ਵਿੱਚ) | ਉਚੇਰੀ ਵਿੱਦਿਅਕ ਯੋਗਤਾ | ਤਜਰਬਾ | ਇੰਟਰਵਿਓ | ਵਿਸ਼ੇਸ਼ ਕਥਨ |
|---|---|---|---|---|---|---|
| | ਕੁੱਲ ਅੰਕ | 75 | 5 | 10 | 10 | |
| 1 | ਵਧੀਕ ਪ੍ਰੋਗਰਾਮ ਅਫਸਰ | ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲਿਖਤੀ ਪੇਪਰ ਲਿਆ ਜਾਣਾ ਹੈ। | ਮਾਸਟਰ ਡਿਗਰੀ (ਕਿਸੇ ਵੀ ਸਟਰੀਮ ਵਿੱਚ) | ਸਬੰਧਤ ਫੀਲਡ ਦੇ ਤਜਰਬੇ ਦੇ ਹਰ ਸਾਲ ਦੇ 2 ਨੰਬਰ (ਕੇਵਲ ਸਰਕਾਰੀ ਜਾ ਅਰਧ ਸਰਕਾਰੀ ਵਿਭਾਂਗ ਦੇ ਕੰਮ ਦੇ ਤਜਰਬੇ ਨੂੰ ਹੀ ਮੰਨਿਆ ਜਾਵੇਗਾ) | ਮੇਰਿਟ ਅਨੁਸਾਰ ਉਮੀਦਵਾਰਾ ਨੂੰ ਇੰਨਟਰਵਿਓ ਲਈ ਬੁਲਾਇਆ ਜਾਵੇਗਾ। | |
| 2 | ਕੰਪਿਊਟਰ ਸਹਾਇਕ | | ਮਾਸਟਰ ਡਿਗਰੀ (ਕੰਪਿਊਟਰ ਫੀਲਡ ਵਿੱਚ) | | | |
| 3 | ਤਕਨੀਕੀ ਸਹਾਇਕ | | ਮਾਸਟਰ ਡਿਗਰੀ ਸਿਵਲ ਇੰਜੀਨੀਅਰਿੰਗ | | | |
| 4 | ਗ੍ਰਾਮ ਰੋਜਗਾਰ ਸਹਾਇਕ | | ਗਰੇਜੂਏਸ਼ਨ/ਪੋਸਟ ਗਰੇਜੂਏਸ਼ਨ | | | |

ਵਧੀਕ ਡਿਪਟੀ ਕਮਿਸ਼ਨਰ (ਆਰ.ਡੀ) -ਕਮ-
ਵਧੀਕ ਜਿਲ੍ਹਾ ਪ੍ਰੋਗਰਾਮ ਕੁਆਰਡੀਨੇਟਰ (ਮਗ-ਨਰੇਗਾ),
ਰੂਪਨਗਰ।

## ਮਗਨਰੇਗਾ ਅਧੀਨ ਕੰਟਰੈਕਟ ਦੇ ਅਧਾਰ ਤੇ ਭਰਤੀ ਕੀਤੇ ਜਾਣ ਵਾਲੇ ਸਟਾਫ ਲਈ ਬੇਨਤੀ ਪੱਤਰ

## ਏ.ਪੀ.ਓ, ਕੰਪਿਊਟਰ ਸਹਾਇਕ,ਤਕਨੀਕੀ ਸਹਾਇਕ ਅਤੇ ਗ੍ਰਾਮ ਰੋਜਗਾਰ ਸਹਾਇਕ

ਤਸਦੀਕ ਸ਼ੁਦਾ ਫੋਟੋ ਚਸਪਾ ਕੀਤੀ ਜਾਵੇ

1. ਅਸਾਮੀ ਦਾ ਨਾਂ ..........................................................
2. ਬਿਨੈਕਾਰ ਦਾ ਨਾਂ ..........................................................
3. ਪਿਤਾ ਦਾ ਨਾਂ ..........................................................
4. ਜਨਮ ਮਿਤੀ: ..........................................................

   (.........ਸਾਲ.........ਮਹੀਨੇ........ਦਿਨ)
5. ਕੈਟਾਗਿਰੀ /ਸ਼੍ਰੇਣੀ: ..........................................................
6. ਕੌਮੀਅਤਾ: ..........................................................
7. ਕੀ 10ਵੀਂ ਤੱਕ ਪੰਜਾਬੀ ਦੀ ਸਿੱਖਿਆ ਪਾਸ ਕੀਤੀ ਹੈ ਜਾਂ ਨਹੀਂ? ..................................
8. ਵਿਵਾਹਿਤ (ਹਾਂ/ਨਹੀਂ) ..........................................................
9. ਪੱਕਾ ਪਤਾ: ..........................................................
10. ਪੱਤਰ ਵਿਹਾਰ ਲਈ ਪਤਾ: ..........................................................
11. ਮੋਬਾਇਲ ਨੰਬਰ: ..........................................................
12. ਵਿਦਿਅਕ ਯੋਗਤਾਵਾਂ: (ਦਸਤਾਵੇਜ਼ੀ ਸਬੂਤ ਵੱਜੋਂ ਸਵੈ ਤਸਦੀਕਸ਼ੁਦਾ ਕਾਪੀਆਂ ਨੱਥੀ ਕੀਤੀਆਂ ਜਾਣ)

| ਲੜੀ ਨੰ: | ਯੋਗਤਾਵਾਂ | ਬੋਰਡ/ ਯੂਨੀਵਰਸਿਟੀ | ਪ੍ਰਾਪਤ ਕੀਤੇ ਅੰਕ | ਕੁੱਲ ਅੰਕ | ਪ੍ਰਤੀਸ਼ਤਤਾ % |
|---|---|---|---|---|---|
| | | | | | |
| | | | | | |
| | | | | | |
| | | | | | |
| | | | | | |

13. ਤਜਰਬਾ (ਕੇਵਲ ਸਰਕਾਰੀ ਜਾ ਅਰਧ ਸਰਕਾਰੀ ਵਿਭਾਗ):

| ਅਹੁੱਦਾ | ਦਫਤਰ ਦਾ ਨਾਂ | ਕਦੋਂ ਤੋਂ | ਕਦੋਂ ਤੱਕ | ਕੁੱਲ ਤਜਰਬਾ |
|---|---|---|---|---|
| | | | | |
| | | | | |
| | | | | |
| | | | | |

ਤਸਦੀਕ ਕੀਤਾ ਜਾਂਦਾ ਹੈ ਕਿ ਮੇਰੇ ਵੱਲੋ ਦਿੱਤੀ ਗਈ ਉਪਰੋਕਤ ਸੂਚਨਾ ਸਹੀ ਵਾ ਦਰੁਸਤ ਹੈ।ਜਿਸ ਦੀ ਮੇਰੀ ਪੂਰਨ ਜਿੰਮੇਵਾਰੀ ਹੈ।ਮੈਨੂੰ ਭਰਤੀ ਸੰਬਧੀ ਸਮੂਹ ਸ਼ਰਤਾ ਮੰਨਜੂਰ ਹਨ ਅਤੇ ਮੇਰੇ ਕੋਈ ਅਪਰਾਧਿਕ ਪਿਛੋਕੜ ਨਹੀ ਹੈ।

ਮਿਤੀ:

(ਹਸਤਾਖਰ)

ਸਥਾਨ:

# ਦਫਤਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ (ਮਗਨਰੇਗਾ) ਰੂਪਨਗਰ।

ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ ਅਧੀਨ ਹੇਠ ਲਿਖੇ ਅਨੁਸਾਰ ਅਸਾਮੀਆਂ ਤੇ ਕੰਮ ਕਰਨ ਵਾਲੇ ਚਾਹਵਾਨ ਬਿਨੈਕਾਰਾਂ ਦੀ ਨਿਰੋਲ ਠੇਕੇ ਦੇ ਆਧਾਰ ਤੇ ਤਿੰਨ ਮਹੀਨੇ ਦੇ ਅਰਸੇ ਲਈ ਲੋੜ ਹੈ ਜਿਨ੍ਹਾਂ ਦਾ ਸਮਾਂ ਬਾਅਦ ਵਿੱਚ ਸਾਲ ਦਰ ਸਾਲ ਕਾਰਗੁਜ਼ਾਰੀ ਨੂੰ ਵੇਖਦੇ ਹੋਏ ਵਧਾਇਆ ਜਾਵੇਗਾ।

| ਲੜੀ ਨੰ: | ਅਹੁਦੇ ਦਾ ਨਾਂ | ਤਨਖਾਹ (ਪ੍ਰਤੀ ਮਹੀਨਾ) | ਉਮਰ | ਵਿਦਿਅਕ ਯੋਗਤਾ | ਅਸਾਮੀਆਂ ਦੀ ਗਿਣਤੀ | ਕੈਟਾਗਿਰੀ /ਪੋਸਟ ਵਾਈਜ ਪੋਸਟਾ |
|---|---|---|---|---|---|---|
| 1 | ਵਧੀਕ ਪ੍ਰੋਗਰਾਮ ਅਫਸਰ (ਏ.ਪੀ.ਓ) | 20000/- + 1000 ਟੀ.ਏ + 250 ਮੋਬਾਇਲ ਭੱਤਾ | ਸਰਕਾਰੀ ਨਿਯਮਾਂ ਮੁਤਾਬਿਕ | ਗ੍ਰੈਜੂਏਸ਼ਨ/ਪੋਸਟ ਗ੍ਰੈਜੂਏਸ਼ਨ, ਕੰਪਿਊਟਰ ਅਤੇ ਲੇਖੇ ਜੋਖੇ ਬਾਰੇ ਜਾਣਕਾਰੀ ਜਰੂਰੀ ਜਾਂ ਰਿਟਾਇਰਡ ਡੀ.ਡੀ.ਪੀ.ਓ, ਬੀ.ਡੀ.ਪੀ.ਓ/ ਏ.ਡੀ.ਓ (ਪ੍ਰੰਤੂ ਕੰਪਿਊਟਰ ਅਤੇ ਲੇਖੇ ਜੋਖੇ ਬਾਰੇ ਜਾਣਕਾਰੀ ਜਰੂਰੀ) ਤਜਰਬੇ ਅਨੁਸਾਰ ਤਰਜੀਹ ਦਿੱਤੀ ਜਾਵੇਗੀ। | 1 | ਕੋਈ ਰਿਜਰਵੇਸ਼ਨ ਨਹੀ |
| 2 | ਕੰਪਿਊਟਰ ਸਹਾਇਕ | 12000/- + 250 ਮੋਬਾਇਲ ਭੱਤਾ | ਸਰਕਾਰੀ ਨਿਯਮਾਂ ਮੁਤਾਬਿਕ | ਬੀ.ਐਸ.ਸੀ(ਕੰਪਿਊਟਰ ਸਾਇੰਸ ਜਾਂ ਆਈ.ਟੀ)/ ਬੀ.ਸੀ.ਏ, ਘੱਟੋ-ਘੱਟ ਇੱਕ ਸਾਲ ਦਾ ਤਜਰਬਾ ਸਬੰਧਤ ਪੋਸਟ ਨਾਲ ਅਤੇ ਪੰਜਾਬੀ ਅਤੇ ਅੰਗਰੇਜੀ ਵਿੱਚ ਟਾਇਪ ਆਉਣੀ ਜਰੂਰੀ ਹੈ। | 3 | ਐਸ.ਸੀ- 1 |
| 3 | ਤਕਨੀਕੀ ਸਹਾਇਕ | 17500/- + 1500 ਟੀ.ਏ + 250 ਮੋਬਾਇਲ ਭੱਤਾ | ਸਰਕਾਰੀ ਨਿਯਮਾਂ ਮੁਤਾਬਿਕ | ਕਿਸੇ ਵੀ ਮਾਨਤਾ ਪ੍ਰਾਪਤ ਸਰਕਾਰੀ ਸੰਸਥਾ ਤੋਂ ਸਿਵਲ ਇੰਜੀਨਿਅਰਿੰਗ ਵਿਚ ਡਿਗਰੀ/ ਡਿਪਲੋਮਾ ਅਤੇ ਕੰਪਿਊਟਰ ਦੀ ਜਾਣਕਾਰੀ ਜਰੂਰੀ ਜਾਂ ਕਿਸੇ ਵੀ ਸਰਕਾਰੀ ਜਾਂ ਅਰਧ ਸਰਕਾਰੀ ਵਿਭਾਗ ਤੋਂ ਰਿਟਾਇਰ ਹੋਏ ਜੇ.ਈ/ ਐਸ.ਡੀ.ਓ।(ਕੰਪਿਊਟਰ ਦੀ ਜਾਣਕਾਰੀ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ।) | 3 | ਐਸ.ਸੀ- 1 |
| 4 | ਗਰਾਮ ਰੋਜ਼ਗਾਰ ਸਹਾਇਕ | 10700/- + 1500 ਟੀ.ਏ + 250 ਮੋਬਾਇਲ ਭੱਤਾ | ਸਰਕਾਰੀ ਨਿਯਮਾਂ ਮੁਤਾਬਿਕ | 10+2 ਪਾਸ, ਵਾਧੂ ਯੋਗਤਾ, ਤਜਰਬੇਕਾਰ ਅਤੇ ਕੰਪਿਊਟਰ ਦੇ ਜਾਣਕਾਰ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ। | 15 | ਐਸ.ਸੀ- 4<br>ਬੀ.ਸੀ- 1<br>ਐਕਸ ਸਰਵਿਸ ਮੈਨ- 2<br>ਹੈਡੀਕੈਪ - 1<br>ਜਨਰਲ - 7 |

ਚਾਹਵਾਨ ਬਿਨੈਕਾਰ ਅਰਜੀ ਫਾਰਮ, ਭਰਤੀ ਸੰਬਧੀ ਵੇਰਵਾ/ਸ਼ਰਤਾ ਅਤੇ ਲਿਖਤੀ ਪੇਪਰ ਸਬੰਧੀ ਜਾਣਕਾਰੀ **rupnagar.nic.in** ਤੋਂ ਡਾਉਨਲੋਡ ਕਰਕੇ ਪ੍ਰਾਪਤ ਕਰ ਸਕਦੇ ਹਨ।ਉਕਤ ਪੋਸਟਾ ਸੰਬਧੀ ਲਏ ਜਾਣ ਵਾਲੇ ਲਿਖਤੀ ਪੇਪਰ ਲਈ ਜਾਣਕਾਰੀ ਅਤੇ ਜਾਰੀ ਹਦਾਇਤਾ **rupnagar.nic.in** ਤੋ ਪ੍ਰਾਪਤ ਕੀਤੀ ਜਾ ਸਕਦੀ ਹੈ।ਜੋ ਉਮੀਦਵਾਰ ਲਿਖਤੀ ਪੇਪਰ ਦੀ ਮੈਰਿਟ ਦੇ ਅਧਾਰ ਤੇ ਯੋਗ ਹੋਣਗੇ ਉਹਨਾ ਨੂੰ ਇੰਟਰਵਿਓ ਲਈ ਟੈਲੀਫੋਨ ਰਾਹੀ ਜਾਣੂ ਕਰਵਾ ਦਿੱਤਾ ਜਾਵੇਗਾ।

ਅਰਜੀ ਫਾਰਮ ਨਾਲ ਸ਼ਰਤਾ ਅਨੁਸਾਰ ਸਬੰਧਤ ਸਰਟੀਫਿਕੇਟਾਂ ਦੀ ਸਵੈ ਤਸਦੀਕਸ਼ੁਦਾ ਕਾਪੀ ਲਗਾ ਕੇ ਬਿਨੈਕਾਰ ਆਪਣਾ ਅਰਜੀ ਫਾਰਮ **ਜਿਲ੍ਹਾ ਰੋਜਗਾਰ ਦਫਤਰ,ਗਰਾਊਡ ਫਲੋਰ,ਡਿਪਟੀ ਕਮਿਸ਼ਨਰ ਕੰਪਲੈਕਸ, ਮਿੰਨੀ ਸਕੱਤਰੇਤ,ਰੂਪਨਗਰ ਵਿੱਚ ਮਿਤੀ 19 ਸਤੰਬਰ 2022 ਨੂੰ ਸ਼ਾਮ 5:00 ਵਜੇ** ਤੱਕ ਜਮ੍ਹਾਂ ਕਰਵਾ ਸਕਦੇ ਹਨ।

ਵਧੀਕ ਡਿਪਟੀ ਕਮਿਸ਼ਨਰ (ਆਰ.ਡੀ) -ਕਮ-
ਵਧੀਕ ਜਿਲ੍ਹਾ ਪ੍ਰੋਗਰਾਮ ਕੁਆਰਡੀਨੇਟਰ (ਮਗ-ਨਰੇਗਾ),
ਰੂਪਨਗਰ।